2019 ਪੰਜਾਬੀ ਜਾਗਰਣ



ਐਨਐਸਐਸ ਕੈਂਪ ਦੌਰਾਨ ਦਸਤਾਰ ਮੁਕਾਬਲੇ 'ਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਹੋਏ ਕਾਲਜ ਡਾਇਰੈਕਟਰ ਡਾ. ਚਮਨ ਲਾਲ ਸਚਦੇਵਾ ਤੇ ਸਟਾਫ ਮੈਂਬਰ।

# ਇਕ ਰੋਜ਼ਾ ਐਨਐਸਐਸ ਕੈਂਪ ਦੌਰਾਨ ਦਸਤਾਰ ਮੁਕਾਬਲੇ ਕਰਵਾਏ

**ਸਟਾਫ ਰਿਪੋਰਟਰ, ਮੋਗਾ** : ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ (ਮੋਗਾ) ਦੇ ਦਿਸ਼ਾ ਨਿਰਦੇਸ਼ ਅਨੁਸਾਰ ਤੇ ਕਾਲਜ ਡਾਇਰੈਕਟਰ ਡਾ. ਚਮਨ ਲਾਲ ਸਚਦੇਵਾ ਲਾਲਾ ਲਾਜਪਤ ਰਾਏ ਸੰਸਥਾ ਅਜੀਤਵਾਲ ਦੀ ਅਗਵਾਈ 'ਚ ਇਕ ਰੋਜ਼ਾ ਕੈਂਪ ਯੁਵਕ ਸੇਵਾਵਾਂ ਅਧੀਨ ਲਾਲਾ ਲਾਜਪਤ ਰਾਏ ਅਜੀਤਵਾਲ 'ਚ ਲਾਇਆ ਗਿਆ। ਇਸ ਕੈਂਪ ਦੌਰਾਨ ਦਸਤਾਰ ਬੰਦੀ (ਪੱਗ ਬੰਨ) ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਕਾਲਜਾਂ 'ਚੋਂ ਆਏ 14 ਸਿਖਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਵਧੀਆ ਪੱਗ ਬੰਨ੍ਹਣ ਵਾਲੇ ਦੋ ਜੇਤੂ ਸਿਖਿਆਰਥੀਆਂ ਨੂੰ ਕਾਲਜ ਦੇ ਡਾਇਰੈਕਟਰ ਸਾਹਿਬ ਵਲੋਂ ਦਸਤਾਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਪਹਿਲੇ ਦਰਜੇ 'ਤੇ ਜਸਵਿੰਦਰ ਸਿੰਘ ਮੈਨੇਜਮੈਂਟ ਕਾਲਜ ਢੁੱਡੀਕੇ ਅਤੇ ਦੂਸਰੇ ਦਰਜੇ 'ਤੇ ਜਸਦੀਪ ਸਿੰਘ ਪੋਲੀਟੈਕਨਿਕ ਕਾਲਜ ਅਜੀਤਵਾਲ (ਮੋਗਾ) ਰਹੇ। ਉਪਰੋਕਤ ਕੈਂਪ ਦਾ ਪ੍ਰਬੰਧ ਯੁਵਕ ਸੇਵਾਵਾਂ ਦੇ ਪ੍ਰੋਗਰਾਮ ਅਫਸਰ ਜਸਦੀਪ ਸਿੰਘ, ਜਗਦੀਪ ਸਿੰਘ ਅਤੇ ਕੁਲਵਿੰਦਰ ਸਿੰਘ ਵੱਲੋਂ ਕਰਵਾਇਆ ਗਿਆ। ਇਸ 'ਚ ਬੁਲਾਰਿਆਂ ਨੇ ਪੱਗ ਦੀ ਮਹੱਹਤਾ ਤੇ ਸਿੱਖ ਦੀ ਪਛਾਣ ਬਾਰੇ ਦੱਸਿਆ ਗਿਆ ਤੇ ਸਿਖਿਆਰਥੀਆਂ ਨੂੰ ਆਪਣੇ ਟੀਚੇ ਨੂੰ ਮੁੱਖ ਰੱਖਦੇ ਹੋਏ ਮਿਹਨਤ ਅਤੇ ਲਗਨ ਨਾਲ ਪੜ੍ਹਦੇ ਹੋਏ ਅੱਗੇ ਵਧਣ ਲਈ ਪ੍ਰੇਰਿਆ ਗਿਆ।